# <u>ਬਰੈਂਪਟਨ ਦੇ ਸਾਬਕਾ ਇੰਟੈਗ੍ਰਿਟੀ ਕਮਿਸ਼ਨਰ ਨੇ ਵੀ ਅਵਾਜ਼ ਉਠਾਈ</u>

ਤੁਰੰਤ ਰਿਲੀਜ਼ ਵਾਸਤੇ

ਬਰੈਂਪਟਨ - 18 ਅਕਤੂਬਰ, 2022 - ਬਰੈਂਪਟਨ ਦੇ ਸਾਬਕਾ ਇੰਟੈਗ੍ਰਿਟੀ ਕਮਿਸ਼ਨਰ ਮੁਨੀਜ਼ਾ ਸ਼ੇਖ ਨੇ ਇਕ ਬਿਆਨ ਜਾਰੀ ਕਰਕੇ ਵਾਰਡ 9 ਅਤੇ 10 ਦੇ ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ ਦੇ ਖਿਲਾਫ ਸੈਕਸੂਅਲ ਹਮਲੇ ਦੇ ਦੋਸ਼ਾਂ ਅਤੇ ਇਸ ਬਾਰੇ ਸ਼ੇਖ ਦੀ ਜਾਂਚ ਪੜਤਾਲ ਸੰਬੰਧੀ ਤੱਥਾਂ ਬਾਰੇ ਭੁਲੇਖੇ ਦੂਰ ਕੀਤੇ ਹਨ।

<u>ਮੁਨੀਜ਼ਾ ਸ਼ੇਖ ਦਾ ਬਿਆਨ</u>

ਮੈਂ ਬਰੈਂਪਟਨ ਦੀ ਸਾਬਕਾ ਇੰਟੈਗ੍ਰਿਟੀ ਕਮਿਸ਼ਨਰ ਹਾਂ। ਇਸ ਸਾਲ ਦੇ ਸ਼ੁਰੂ ਵਿਚ ਮੈਨੂੰ ਇਸ ਪੁਜੀਸ਼ਨ ਤੋਂ ਹਟਾ ਦਿੱਤਾ ਗਿਆ ਸੀ, ਅਤੇ ਮੈਨੂੰ ਹਟਾਉਣ ਸੰਬੰਧੀ ਮੇਰਾ ਸਿਟੀ ਔਫ ਬਰੈਂਪਟਨ ਅਤੇ ਕੌਂਸਲਰ ਢਿਲੋਂ ਨਾਲ ਕੇਸ ਚੱਲ ਰਿਹਾ ਹੈ।

ਮੈਂ ਕੌਂਸਲਰ ਢਿੱਲੋਂ ਦੇ ਬਿਆਨ ਵਿਚਲੀਆਂ ਕਈ ਗਲਤੀਆਂ ਅਤੇ ਖਾਮੀਆਂ ਤੇ ਟਿੱਪਣੀ ਕਰ ਰਹੀ ਹਾਂ, ਕਿਉਂਕਿ ਉਨ੍ਹਾਂ ਦਾ ਸੰਬੰਧ ਮੇਰੇ ਦੁਆਰਾ ਉਸ ਸ਼ਿਕਾਇਤ ਦੀ ਕੀਤੀ ਜਾਂਚ ਨਾਲ ਹੈ, ਜਿਹੜੀ ਬਰੈਂਪਟਨ ਦੀ ਇਕ ਬਿਜ਼ਨਸ ਮਾਲਕ ਔਰਤ ਦੁਆਰਾ ਕੀਤੀ ਗਈ ਸੀ ਕਿ ਉਸ ਤੇ ਸੈਕਸੂਅਲ ਹਮਲਾ ਹੋਇਆ ਸੀ।

ਕੌਂਸਲਰ ਢਿਲੋਂ ਨੇ ਕਿਹਾ ਕਿ ਇੰਟੈਗ੍ਰਿਟੀ ਕਮਿਸ਼ਨਰ ਨੇ ਉਸ ਨੂੰ ਕਦੇ ਵੀ ਇੰਟਰਵਿਊ ਨਹੀਂ ਕੀਤਾ। ਆਪਣੀ ਜਾਂਚ ਦੇ ਹਿੱਸੇ ਵਜੋਂ ਮੈਂ ਮਹੀਨਿਆਂ ਤੱਕ ਕੌਂਸਲਰ ਢਿਲੋਂ ਨੂੰ ਮਿਲਣ ਦੀ ਕੋਸ਼ਿਸ਼ ਕਰਦੀ ਰਹੀ। ਆਪਣੇ ਵਕੀਲ ਜ਼ਰੀਏ, ਉਸ ਨੇ ਮੈਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ, ਅਤੇ ਆਖਰ ਮੈਨੂੰ ਆਪਣਾ ਫੈਸਲਾ ਲੈਣਾ ਪਿਆ। ਕੌਂਸਲਰ ਢਿਲੋਂ ਕੋਲ ਜਵਾਬ ਦੇਣ ਲਈ ਬਹੁਤ ਮੌਕਾ ਸੀ।

ਕੌਂਸਲਰ ਢਿਲੋਂ ਕਹਿੰਦੇ ਹਨ ਕਿ ਉਨ੍ਹਾਂ ਖਿਲਾਫ ਕੋਈ ਦੋਸ਼ ਸਾਬਤ ਨਹੀਂ ਹੋਇਆ। ਇਹ ਕੋਈ ਕ੍ਰਿਮੀਨਲ ਜਾਂਚ ਨਹੀਂ ਸੀ, ਪਰ ਮੇਰੀ ਰਿਪੋਰਟ ਇਸ ਨਤੀਜੇ ਦੇ ਪਹੁੰਚੀ ਕਿ ਕੌਂਸਲਰ ਢਿਲੋਂ ਦੀਆਂ ਕਾਰਵਾਈਆਂ ਨੇ ਕੌਂਸਲ ਮੈਂਬਰਾਂ ਸੰਬੰਧੀ ਸਿਟੀ ਦੇ ਕੋਡ ਆਫ ਕੰਡਕਟ ਦੇ ਕਈ ਨਿਯਮਾਂ ਦੀ ਉਲੰਘਣਾ ਕੀਤੀ, ਜਿਸ ਵਿਚ ਛੇੜਛਾੜ, ਅਪਮਾਨਜਨਕ ਵਤੀਰਾ, ਕੌਂਸਲ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਵਿਚ ਨਾਕਾਮਯਾਬੀ, ਅਤੇ ਮੇਰੀ ਜਾਂਚ ਵਿਚ ਰੁਕਾਵਟ ਪਾਉਣਾ ਸ਼ਾਮਲ ਸੀ। ਪਾਬੰਦੀਆਂ ਸੰਬੰਧੀ ਮੇਰੀਆਂ ਸਿਫਾਰਿਸ਼ਾਂ ਨੂੰ ਸਿਟੀ ਕੌਂਸਲ ਨੇ ਸਵੀਕਾਰ ਕੀਤਾ, ਅਤੇ ਕੌਂਸਲਰ ਢਿਲੋਂ ਨੂੰ ਬਿਨਾਂ ਤਨਖਾਹ ਦੇ 90 ਦਿਨ ਲਈ ਸਸਪੈਂਡ ਕੀਤਾ ਅਤੇ ਝਾੜ ਪਾਈ।

ਕੌਂਸਲਰ ਢਿਲੋਂ ਨੇ ਮੇਰੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ਅਤੇ ਪਲਟਾਉਣ ਲਈ ਕੋਸ਼ਿਸ਼ ਕੀਤੀ। ਸੁਪੀਰੀਅਰ ਕੋਰਟ ਔਫ ਜਸਟਿਸ ਦੇ ਤਿੰਨ ਜੱਜਾਂ ਨੇ ਮੇਰੇ ਫੈਸਲੇ ਨੂੰ ਅਤੇ ਮੇਰੇ ਵਲੋਂ ਸਿਫਾਰਿਸ਼ ਕੀਤੀਆਂ ਤਕਰੀਬਨ ਸਾਰੀਆਂ ਪਾਬੰਦੀਆਂ ਨੂੰ ਵੀ ਕਾਇਮ ਰੱਖਿਆ।

-30-

ਵਧੇਰੇ ਜਾਣਕਾਰੀ ਲਈ ਦੇਖੋ www.74nos.com
Contact: info@74nos.com